# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਲੁਧਿਆਣਾ

ਵੱਲ

ਪ੍ਰਿੰਸੀਪਲ/ਇੰਚਾਰਜ/ਮੁੱਖ ਅਧਿਆਪਕ,
ਸਸਸਸ/ਸਹਸ/ਸਮਿਸ/ਏਡਿਡ/ਪ੍ਰਾਈਵੇਟ ਸਕੂਲ,
ਜਿਲ੍ਹਾ ਲੁਧਿਆਣਾ ।

ਪੱਤਰ ਨੰ. ਜੀ-05/2024/2207 ਮਿਤੀ-18/12/2024

ਵਿਸ਼ਾ- APAAR ID ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਬੰਧਤ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਜਿਲ੍ਹਾ ਲੁਧਿਆਣਾ ਵਿੱਚ APAAR ID ਦਾ ਕੰਮ ਬਹੁਤ ਧੀਮੀ ਗਤੀ ਨਾਲ ਚੱਲ ਰਿਹਾ ਹੈ । ਜਿਸ ਦਾ ਕਿ ਭਾਰਤ ਸਰਕਾਰ ਵੱਲੋਂ ਸਮੇਂ ਸਮੇਂ ਤੇ ਨਿਰੀਖਣ ਕੀਤਾ ਜਾ ਰਿਹਾ ਹੈ। ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਉਕਤ ਕੰਮ ਦੀ ਮੁਹਿੰਮ ਵਿੱਚ ਤੇਜੀ ਲਿਆਂਦੀ ਜਾਵੇ। ਇਸ ਦੇ ਤਹਿਤ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

ਇਸਦੇ ਸਬੰਧ ਵਿੱਚ UDISE ਉਪਰ ਸਕੂਲਾਂ ਵੱਲੋਂ ਵਿਦਿਆਰਥੀਆਂ ਦੀਆਂ ਜਨਰੇਟ ਕੀਤੀਆਂ ਜਾ ਰਹੀਆਂ APAAR Ids ਦੇ ਸਬੰਧ ਵਿੱਚ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਬੱਚੇ ਦੇ ਨਾਮ/ ਪਿਤਾ ਦਾ ਨਾਮ/ ਮਾਤਾ ਦਾ ਨਾਮ/ ਜਨਮ ਮਿਤੀ ਜੋ ਦਰੁਸਤ ਹੋਵੇ ਉਸ ਨੂੰ ਹੀ ਅੱਪਡੇਟ ਕੀਤਾ ਜਾਵੇ। ਜੇਕਰ ਬੱਚੇ ਦੇ ਵੇਰਵੇ ਉਸਦੇ ਆਧਾਰ ਕਾਰਡ ਉਪਰ ਗਲਤ ਹਨ, ਤਾਂ ਆਧਾਰ ਕਾਰਡ ਅੱਪਡੇਟ ਕਰਵਾਏ ਜਾਣ ਪ੍ਰੰਤੂ ਜੇਕਰ ਇਹ ਵੇਰਵੇ e-Punjab ਜਾਂ udise ਤੇ ਗਲਤ ਹਨ ਤਾਂ ਸਬੰਧਤ ਵੈਬਸਾਈਟਾਂ ਤੇ ਅੱਪਡੇਟ ਕਰਵਾਏ ਜਾਣ। ਇਹ ਦੇਖਣ ਵਿੱਚ ਆਇਆ ਹੈ ਕਿ ਵਿਦਿਆਰਥੀਆਂ ਦੇ ਨਾਮ ਦੇ ਗਲਤ spellings ਆਧਾਰ ਕਾਰਡ ਤੇ ਗਲਤ ਹਨ ਪ੍ਰੰਤੂ ਸਕੂਲਾਂ ਵੱਲੋਂ ਗਲਤ ਨਾਮ ਹੀ udise/epunjab ਤੇ ਅੱਪਡੇਟ ਕਰਿਆ ਜਾ ਰਿਹਾ ਹੈ ਜੋ ਕਿ ਬਿਲਕੁਲ ਗਲਤ ਹੈ। ਜਿੱਥੇ ਵੀ (udise/epunjab/aadhar card) ਵਿਦਿਆਰਥੀ ਦੀ ਜਾਣਕਾਰੀ ਦਰੁਸਤ ਕਰਵਾਉਣੀ ਬਣਦੀ ਹੈ ਉਸ ਨੂੰ ਜਲਦੀ ਦਰੁਸਤ ਕਰਵਾ ਕੇ ਅੱਪਡੇਟ ਕੀਤਾ ਜਾਵੇ ਤਾਂ ਜੋ ਭਵਿੱਖ ਵਿੱਚ ਵਿਦਿਆਰਥੀ ਦੇ ਸਰਟੀਫਿਕੇਟਾਂ ਉਪਰ ਸਾਰੇ ਵੇਰਵੇ ਸਹੀ ਪਾਏ ਜਾਣ। ਉਕਤ ਨਿਰਦੇਸ਼ਾਂ ਦੀ ਪਾਲਨਾ ਕਰਨੀ ਯਕੀਨੀ ਬਣਾਇਆ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਲੁਧਿਆਣਾ